# तारियाँ दी लोए

ਤਾਰਿਆਂ ਦੀ ਲੋਏ, ਤੇਰਾ ਦਰਸ਼ਨ ਹੋਏ,
ਕਿੰਨਾ ਚਿਰ ਹੋ ਗਿਆ ॥
ਤੂੰ ਵੀ ਬੂਹੇ ਢੋਏ, ਸਾਨੂੰ ਬਾਹਰ ਖਲੋਏ,
ਕਿੰਨਾ ਚਿਰ ਹੋ ਗਿਆ,,,
ਤਾਰਿਆਂ ਦੀ ਲੋਏ, ਤੇਰਾ ਦਰਸ਼ਨ ਹੋਏ,
ਕਿੰਨਾ ਚਿਰ ਹੋ ਗਿਆ ॥

ਖੱਡਾਂ ਖੇਤੀਆਂ, ਬਾਗ ਬਗੀਚੇ, "ਦੇਖੇ ਕਈ ਫ਼ੁਹਾਰੇ" ।
ਧਰਤੀ ਅੰਬਰ, ਤਾਰੇ ਦੇਖੇ, "ਦੇਖੇ ਕਈ ਨਜ਼ਾਰੇ" ॥
ਪੈਰਾਂ ਨੂੰ ਛੋਹੇ, ਤੇਰੇ ਚਰਨਾਂ ਨੂੰ ਧੋਏ,
ਕਿੰਨਾ ਚਿਰ ਹੋ ਗਿਆ,,,
ਤਾਰਿਆਂ ਦੀ ਲੋਏ, ਤੇਰਾ ਦਰਸ਼ਨ ਹੋਏ,,,,,,,,,,,,,

ਆਸਾਂ ਚਾਅ, ਉਮੀਦਾਂ ਲੈ ਕੇ, "ਆਇਆ ਦਵਾਰੇ ਤੇਰੇ" ।
ਭਵਨ ਦੀਆਂ, ਗਲੀਆਂ ਵਿੱਚ ਲੱਭਿਆ, "ਲੱਭਿਆ ਚਾਰ ਚੁਫ਼ੇਰੇ" ॥
ਹੰਝੂ ਵੀ ਚੋਏ, ਲੰਬੇ ਹਾਰ ਪਰੋਏ,
ਕਿੰਨਾ ਚਿਰ ਹੋ ਗਿਆ,,,
ਤਾਰਿਆਂ ਦੀ ਲੋਏ, ਤੇਰਾ ਦਰਸ਼ਨ ਹੋਏ,,,,,,,,,,,,,

ਚੁੰਮੇ ਪੈਰ, ਕੰਜ਼ਕਾਂ ਦੇ ਅੰਮੀਏ, "ਚੁੰਮੀਆਂ ਤੇਰੀਆਂ ਰਾਹਵਾਂ" ।
ਮੇਰਾ ਤੇ ਜੀ, ਕਰਦਾ ਮਈਆ, "ਮੈਂ ਵੀ ਕੰਜਕ ਬਣ ਜਾਵਾਂ" ॥
ਨਸੀਬ ਰਹੇ ਸੋਏ, ਸਾਨੂੰ ਪੁੱਛਦਾ ਨਾ ਕੋਏ,
ਕਿੰਨਾ ਚਿਰ ਹੋ ਗਿਆ,,,
ਤਾਰਿਆਂ ਦੀ ਲੋਏ, ਤੇਰਾ ਦਰਸ਼ਨ ਹੋਏ,,,,,,,,,,,,,

ਜਾਨ ਦਾ ਕੀ, ਭਰੋਸਾ ਦਰਸ਼ੀ, "ਕਦੋਂ ਜਾਨ ਚਲੀ ਜਾਏ" ।
ਜਾਣ ਤੋਂ ਬਾਅਦ ਵੀ, ਸ਼ਾਇਦ ਤੈਨੂੰ, "ਸਾਡੀ ਯਾਦ ਨਾ ਆਏ" ॥
ਸੁੱਖ ਚੈਨ ਖੋਏ, ਤੈਥੋਂ ਦਰਦ ਲੁਕੋਏ,
ਕਿੰਨਾ ਚਿਰ ਹੋ ਗਿਆ,,,
ਤਾਰਿਆਂ ਦੀ ਲੋਏ, ਤੇਰਾ ਦਰਸ਼ਨ ਹੋਏ,,,,,,,,,,,,,

ਅਪਲੋਡਰ- ਅਨਿਲਰਾਮੂਰਤੀਭੋਪਾਲ

https://www.bhajanganga.com/bhajan/lyrics/id/24396/title/tareya-di-loye

अपने Android मोबाइल पर BhajanGanga App डाउनलोड करें और भजनों का आनंद ले |